ਅਰਮਾਨ (ARMAAN)
(An International Multidisciplinary, Open Access
Peer-Reviewed & Indexed Research Journal)
Vol. 4 | Issue 2| Apr.-June 2026
ISSN: 2583-9446 (O)
Paper Id: ARMN040221
Available online at: www.armaan.org.in
DOI: https://doi.org/10.64119/armaan.vol.4.issue2.21

# 'ਮਨੁ ਪੰਖੀ ਭਇਓ' ਨਾਵਲ ਵਿੱਚ ਆਤਮ-ਮੁਗਧ ਸੱਤਾ ਨਿਰਦੇਸ਼ਿਤ ਉਜਾੜੇ ਦਾ ਦੁਖਾਂਤ: ਇੱਕ ਆਲੋਚਨਾਤਮਕ ਵਿਸ਼ਲੇਸ਼ਣ

# 'Mann Pankhi Bhayo' Novel Vich Atam-Mugdh Satta Nirdeshit Ujade Da Dukhant: Ik Alochanatmak Vishleshan

**ਜਗਮੋਹਨ ਸਿੰਘ (Jagmohan Singh)**
ਸਹਾਇਕ ਪ੍ਰੋਫੈਸਰ, ਪੰਜਾਬੀ (Assistant Professor, Punjabi)
ਸਰਕਾਰੀ ਕਾਲਜ, ਭੇਰੀਆਂ (ਪਿਹੋਵਾ), ਕੁਰੂਕਸ਼ੇਤਰ (ਹਰਿਆਣਾ)-136128
Email ID: jagmohanvirk0007@gmail.com

**ਸਾਰ (Abstract)**

*'ਮਨੁ ਪੰਖੀ ਭਇਓ' ਨਾਵਲ 1947 ਦੇ ਉਜਾੜੇ ਦੇ ਦੁਖਾਂਤ ਨੂੰ ਸਿਰਫ਼ ਇਤਿਹਾਸਿਕ ਘਟਨਾ ਵਜੋਂ ਨਹੀਂ, ਸਗੋਂ ਗੰਭੀਰ ਮਨੋਵਿਗਿਆਨਿਕ ਅਤੇ ਦਾਰਸ਼ਨਿਕ ਪਰਿਪੇਖ ਵਿੱਚ ਪੇਸ਼ ਕਰਦਾ ਹੈ । ਨਾਵਲਕਾਰ ਨੇ ਸਤਹੀ ਪੱਧਰ ਉੱਤੇ ਦ੍ਰਿਸ਼ਟੀਗੋਚਰ ਹੁੰਦੀ ਸੰਸਥਾਗਤ ਧਰਮਾਂ ਦੀ ਲੜਾਈ ਪਿੱਛੋਂ ਕਾਰਜਸ਼ੀਲ ਲੁਕੇ ਹੋਏ ਕਾਰਨਾਂ ਦੀਆਂ ਪਰਤਾਂ ਨੂੰ ਫਰੋਲਿਆ ਹੈ । ਇਹ ਬਿਰਤਾਂਤ ਉਜਾੜੇ ਦੇ ਦਰਦ ਨੂੰ ਮਨੁੱਖੀ ਮਾਨਸਿਕਤਾ ਦੀ ਉਸ ਬੇਵਸੀ ਨਾਲ ਜੋੜਦਾ ਹੈ, ਜਿੱਥੇ ਆਮ ਮਨੁੱਖ ਆਪਣੀ ਸੋਚ ਅਤੇ ਵਿਵੇਕ ਨੂੰ ਗਵਾ ਲੈਂਦਾ ਹੈ । ਉਸਨੂੰ ਅਹਿਸਾਸ ਵੀ ਨਹੀਂ ਹੁੰਦਾ ਕਿ ਕੋਈ ਅਦ੍ਰਿਸ਼ ਸੂਖਮ ਸ਼ਕਤੀ ਉਸਦੀ ਮਾਨਸਿਕਤਾ ਉੱਤੇ ਕਾਬਜ਼ ਹੈ । ਪ੍ਰਸਤੁਤ ਖੋਜ ਪੱਤਰ ਵਿੱਚ ਇਸ ਨਾਵਲ ਦੇ ਅਧਾਰ ਉੱਤੇ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਸੱਤਾ ਦੀ ਭੁੱਖ ਅਤੇ ਹਉਮੈ ਕਾਰਨ ਲੱਖਾਂ ਮਾਸੂਮ ਲੋਕਾਂ ਦਾ ਉਜਾੜਾ ਕੇਵਲ ਬਾਹਰੀ, ਸ਼ਰੀਰਕ ਅਤੇ ਭੂਗੋਲਿਕ ਨਹੀਂ ਸੀ, ਸਗੋਂ ਮਨੁੱਖੀ ਸੰਵੇਦਨਾਵਾਂ ਅਤੇ ਚਿਰਾਂ ਦੀ ਸਾਂਝੀਵਾਲਤਾ ਦਾ ਅੰਦਰੂਨੀ ਉਜਾੜਾ ਸੀ ।*

***ਕੀਵਰਡ (Keyword):*** *ਵੰਡ ਦਾ ਦੁਖਾਂਤ, ਆਤਮ-ਮੁਗਧ ਸੱਤਾ, ਸਿਆਸੀ ਕੁਟਲਤਾ, ਉਜਾੜੇ ਦਾ ਦਰਦ, ਮਨੁੱਖੀ ਹਉਮੈ, ਦਾਰਸ਼ਨਿਕ ਦ੍ਰਿਸ਼ਟੀ।*

ਸਮਕਾਲੀ ਪੰਜਾਬੀ ਸਾਹਿਤ ਵਿੱਚ ਡਾ. ਮਨਮੋਹਨ ਇੱਕ ਬਹੁ-ਚਰਚਿਤ ਨਾਂ ਹੈ ਜਿਸ ਨੇ ਕਵਿਤਾ, ਆਲੋਚਨਾ ਅਤੇ ਗਲਪ ਰਾਹੀਂ ਮਨੁੱਖੀ ਹੋਂਦ ਦੇ ਜਟਿਲ ਮਸਲਿਆਂ ਨੂੰ ਦਾਰਸ਼ਨਿਕ ਗਹਿਰਾਈ ਨਾਲ ਚਿਤਰਿਆ ਹੈ। ਭਾਰਤੀ ਪੁਲਿਸ ਸੇਵਾ (IPS) ਵਰਗੇ ਰੁਝੇਵਿਆਂ ਭਰੇ ਪ੍ਰਸ਼ਾਸਨਿਕ ਅਹੁਦੇ ਉੱਤੇ ਹੁੰਦਿਆਂ ਉਨ੍ਹਾਂ ਨੇ ਸਾਹਿਤ ਸਿਰਜਣਾ ਵਿੱਚ ਸੰਜੀਦਗੀ ਨਾਲ ਸੰਤੁਲਨ ਸਥਾਪਿਤ ਹੀ ਨਹੀਂ ਕੀਤਾ ਸਗੋਂ ਸਾਹਿਤ ਵਿੱਚ ਨਵੇਂ ਅਨੁਭਵ ਅਤੇ ਨਵੀਆਂ ਦ੍ਰਿਸ਼ਟੀਆਂ ਦੀ ਸਿਰਜਣਾ ਵੀ ਕੀਤੀ। ਇਹ ਉਨ੍ਹਾਂ ਦੀ ਗਹਿਰੀ ਸੂਝ ਅਤੇ ਸੁਹਿਰਦਤਾ ਦਾ ਪ੍ਰਮਾਣ ਹੈ। 2013 ਵਿੱਚ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਨਾਵਲ 'ਨਿਰਵਾਣ' ਰਾਹੀਂ ਉਨ੍ਹਾਂ ਨੇ ਪੰਜਾਬੀ ਨਾਵਲਕਾਰੀ ਵਿੱਚ ਇੱਕ ਨਵੇਂ 'ਗਲਪੀ-ਮਾਡਲ' ਦੀ ਸਥਾਪਨਾ ਕੀਤੀ, ਜਿਸ ਵਿੱਚ ਯਥਾਰਥ, ਫ਼ਲਸਫ਼ਾ ਅਤੇ ਆਤਮ-ਖੋਜ ਇੱਕ-ਮਿਕ ਹੋ ਕੇ ਪੇਸ਼ ਹੋਏ ਹਨ। ਉਨ੍ਹਾਂ ਨੇ ਨਾ ਕੇਵਲ ਕਥਾ ਮਾਡਲ ਦੀ ਰਚਨਾ ਕੀਤੀ, ਸਗੋਂ 'ਪੜ੍ਹੇ, ਜੀਵੰਤ ਅਤੇ ਹੰਢਾਏ' ਗਏ ਯਥਾਰਥ ਦਾ ਬੌਧਿਕ ਦਸਤਾਵੇਜ਼ ਪ੍ਰਸਤੁਤ ਕੀਤਾ ਹੈ। ਉਨ੍ਹਾਂ ਦੇ ਨਾਵਲ 'ਨਿਰਵਾਣ' ਤੋਂ ਲੈ ਕੇ 'ਸਹਜ ਗੁਫਾ ਮਹਿ ਆਸਣੁ' ਅਤੇ ਹਾਲ ਹੀ ਵਿੱਚ ਪ੍ਰਕਾਸ਼ਿਤ 'ਮਨੁ ਪੰਖੀ ਭਇਓ' ਤੱਕ ਦਾ ਸਫ਼ਰ ਮਨੁੱਖੀ ਆਜ਼ਾਦੀ ਦੀ ਤੜਫ਼ ਅਤੇ ਸਮਾਜਿਕ ਬੰਧਨਾਂ ਦੇ ਟਕਰਾਅ ਦੀ ਗਾਥਾ ਹੈ। ਉਨ੍ਹਾਂ ਦੇ ਨਾਵਲਾਂ ਵਿੱਚ ਸੂਫ਼ੀਵਾਦ, ਬੁੱਧ ਧਰਮ ਅਤੇ ਪ੍ਰਗਤੀਸ਼ੀਲ ਚਿੰਤਨ ਦੀਆਂ ਪਰਤਾਂ ਇੱਕੋ ਵੇਲੇ ਕਾਰਜਸ਼ੀਲ ਨਜ਼ਰ ਆਉਂਦੀਆਂ ਹਨ।

ਡਾ. ਮਨਮੋਹਨ ਦੁਆਰਾ ਰਚਿਤ ਨਾਵਲ *'ਮਨੁ ਪੰਖੀ ਭਇਓ'* ਦੇਸ਼ ਦੀ ਵੰਡ ਦੇ ਦੁਖਾਂਤ ਨੂੰ ਮਹਿਜ਼ ਇੱਕ ਇਤਿਹਾਸਿਕ ਦਸਤਾਵੇਜ਼ ਵਜੋਂ ਪੇਸ਼ ਨਹੀਂ ਕਰਦਾ ਸਗੋਂ ਇਹ ਉਸ ਦੀਆਂ ਪਰਸਥਿਤੀਆਂ ਦੇ ਆਧਾਰ ਦਾ ਜਾਂ ਪਿਛੋਕੜ ਦਾ ਗੰਭੀਰ ਮਨੋਵਿਗਿਆਨਿਕ ਅਤੇ ਦਾਰਸ਼ਨਿਕ ਦ੍ਰਿਸ਼ਟੀ ਰਾਹੀਂ ਵਿਸ਼ਲੇਸ਼ਣ ਕਰਦਾ ਹੈ। ਨਾਵਲਕਾਰ ਨੇ ਵੰਡ ਦੀਆਂ ਘਟਨਾਵਾਂ ਨੂੰ ਸਿਰਫ਼ ਕਤਲੋ-ਗਾਰਤ ਜਾਂ ਹਿੰਸਾ ਦੇ ਰਵਾਇਤੀ ਬਿਰਤਾਂਤ ਤੱਕ ਸੀਮਿਤ ਨਹੀਂ ਰੱਖਿਆ ਸਗੋਂ ਇਹਨਾਂ ਘਟਨਾਵਾਂ ਦੇ ਪਿੱਛੇ ਕਾਰਜਸ਼ੀਲ ਮਨੁੱਖੀ ਮਾਨਸਿਕਤਾ ਨੂੰ ਸੰਚਾਲਿਤ ਕਰਦੀ ਅਦ੍ਰਿਸ਼ ਸ਼ਕਤੀ, ਸਿਆਸੀ ਕੁਟਲਤਾ ਅਤੇ ਸਮਾਜਿਕ ਟੁੱਟ-ਭੱਜ ਦੀਆਂ ਪਰਤਾਂ ਨੂੰ ਖੋਲ੍ਹਿਆ ਹੈ। ਇਸ ਨਾਵਲ ਨੂੰ ਪੜ੍ਹਨ ਉਪਰੰਤ ਪਾਠਕ ਇਹ ਮਹਿਸੂਸ ਕਰਦਾ ਹੈ ਕਿ ਬਹੁਤ ਸਾਰੇ ਕੰਮਾਂ ਵਿੱਚ ਆਮ ਲੋਕਾਂ ਦੀ ਨਾ ਆਪਣੀ ਸੋਚ ਹੁੰਦੀ ਹੈ, ਨਾ ਵਿਵੇਕ, ਨਾ ਨਿਰਣਾ ਸ਼ਕਤੀ ਅਤੇ ਜਿਹੜਾ ਕੰਮ ਅਸੀਂ ਕਰ ਰਹੇ ਹੁੰਦੇ ਹਾਂ ਉਹ ਆਪਣੀ ਇੱਛਾ ਜਾਂ ਆਪਣੀ ਸੋਚ ਨਾਲ ਨਹੀਂ ਸਗੋਂ ਸਾਨੂੰ ਕੋਈ ਹੋਰ ਸ਼ਕਤੀ ਚਲਾ ਰਹੀ ਹੁੰਦੀ ਹੈ ਪਰ ਉਹ ਸ਼ਕਤੀ ਹੈ ਇੰਨੀ ਸੂਖਮ ਕਿ ਅਸੀਂ ਉਸ ਨੂੰ ਪਛਾਣ ਨਹੀਂ ਸਕਦੇ।

ਨਾਵਲ ਦੇ ਆਰੰਭਕ ਹਿੱਸੇ ਵਿੱਚ ਲੇਖਕ ਲਾਇਲਪੁਰ ਸ਼ਹਿਰ ਦਾ ਚਿੱਤਰਣ ਬਹੁਪੱਖੀ ਦ੍ਰਿਸ਼ਟੀ ਤੋਂ ਕਰਦਾ ਹੈ। ਇਹ ਚਿੱਤਰਣ ਵੰਡ ਤੋਂ ਬਹੁਤ ਸਮਾਂ ਪਹਿਲਾਂ ਦੇ ਲੋਕਾਂ ਦੇ ਜੀਵਨ ਅਤੇ ਲੋਕ ਮਾਨਸਿਕਤਾ ਨੂੰ ਸਪਸ਼ਟ ਕਰਦਾ ਹੈ। ਲੇਖਕ ਵਰਣਨ ਕਰਦਾ ਹੈ, *"ਲਾਇਲਪੁਰ ਸ਼ਹਿਰ ਖੁੱਲ੍ਹਾ ਡੁੱਲ੍ਹਾ। ਸਾਫ਼ ਸੁਥਰਾ। ਮੋਕਲੀਆਂ ਸੜਕਾਂ। ਜਿਵੇਂ ਨਵੇਂ ਵਸੇ ਸ਼ਹਿਰ ਹੁੰਦੇ ਨੇ।" ਇਹਨਾਂ ਪੰਗਤੀਆਂ ਵਿੱਚ ਸ਼ਹਿਰ ਦੀ ਯੋਜਨਾਬੱਧ ਖ਼ੂਬਸੂਰਤ ਉਸਾਰੀ ਵੱਲ ਇਸ਼ਾਰਾ ਹੈ। ਇਸ ਉਪਰੰਤ ਲੇਖਕ ਲਿਖਦਾ ਹੈ: "ਬੰਦੇ ਟਾਂਵੇਂ ਟਾਂਵੇਂ। ਸਿੱਧ ਪੱਧਰੇ। ਵਲ-ਛਲ ਤੋਂ ਪਰ੍ਹੇ। ਹਿੰਦੂ ਸਿੱਖ ਤੇ ਮੁਸਲਮਾਨ ਮਿਲ-ਜੁਲ ਰਹਿੰਦੇ। ਜ਼ਿੰਦਗੀ ਸੁਖਾਲੀ। ਧੀਮੀ ਚਾਲ। ਸਬਰ ਸੰਤੋਖ ਦੀ ਲੀਹੇ*

*ਚਲਦੀ।"*[1] ਇੱਥੇ ਲੇਖਕ ਸਮਾਜਿਕ ਦ੍ਰਿਸ਼ਟੀ ਰਾਹੀਂ ਇਸ ਖਿੱਤੇ ਦੇ ਲੋਕਾਂ ਦੀ ਭਾਈਚਾਰਕ ਸਾਂਝ, ਸੱਭਿਆਚਾਰਕ ਸਾਂਝ ਅਤੇ ਧਾਰਮਿਕ ਸਹਿਣਸ਼ੀਲਤਾ ਨੂੰ ਪੇਸ਼ ਕਰਦਾ ਹੈ। ਆਰਥਿਕ ਤੌਰ 'ਤੇ ਖੁਸ਼ਹਾਲ, ਸਬਰ-ਸੰਤੋਖ ਅਤੇ ਸਹਿਜ ਪ੍ਰਵਿਰਤੀ ਦੇ ਲੋਕ ਵੱਸਦੇ ਹਨ। ਨਾਵਲਕਾਰ ਦੁਆਰਾ ਪੇਸ਼ ਭਾਈਚਾਰਕ ਸਾਂਝ ਵਾਲੇ ਇਹਨਾਂ ਵਿਚਾਰਾਂ ਨੂੰ ਉਸ ਸਮੇਂ ਤੋਂ 60-70 ਸਾਲ ਪਹਿਲਾਂ ਸ਼ਾਹ ਮੁਹੰਮਦ ਦੁਆਰਾ ਰਚਿਤ ਇਹ ਪੰਗਤੀਆਂ, *"ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ"* [2] ਹੋਰ ਪਰਿਪੱਕ ਰੂਪ ਦਿੰਦੀਆਂ ਹਨ।

ਅਜਿਹਾ ਕੀ ਵਾਪਰਦਾ ਹੈ ਕਿ ਨਾਵਲ ਦੇ ਅੰਤਲੇ ਹਿੱਸੇ ਵਿੱਚ ਪੂਰੀ ਤਰ੍ਹਾਂ ਇਸ ਦੇ ਉਲਟ ਵਾਤਾਵਰਨ ਉਸਰਦਾ ਹੈ? ਸਾਰੀਆਂ ਸਾਂਝਾਂ ਤਿੜਕ ਜਾਂਦੀਆਂ ਹਨ। ਲੇਖਕ ਵਰਣਨ ਕਰਦਾ ਹੈ, *"ਸਾਰੀ ਰਾਤ ਲੋਕਾਂ ਨੇ ਜਾਗ ਕੇ ਕੱਟੀ। ਦੂਰ-ਪਰਾਰੋਂ ਬਾਰ-ਬਾਰ ਕਦੇ ਲਹਿੰਦੇ ਪਾਸਿਓਂ ਕਦੇ ਚੜ੍ਹਦੇ ਪਾਸਿਓਂ... ਕਦੇ ਉੱਤਰਵੰਨੀਓ... ਕਦੇ ਦੱਖਣਵੰਨੀਓ ਨਾਅਰਾ-ਏ-ਤਕਬੀਰ ਅੱਲਾਹ-ਹੂ-ਅਕਬਰ... ਲਾ ਇਲਾਹਾ ਇਲਅੱਲਾਹ ਦਾ ਰੌਲਾ ਢੋਲ ਢਮੱਕਿਆਂ ਦੀਆਂ ਆਵਾਜ਼ਾਂ ਸੰਗ ਬਾਰ-ਬਾਰ ਸੁਣਦਾ। ਪਿੰਡ ਵਾਲੇ ਪਾਸਿਓਂ ਵੀ 'ਬੋਲੇ ਸੋ ਨਿਹਾਲ' ਸਤਿ ਸ੍ਰੀ ਅਕਾਲ ਦੇ ਕਦੇ ਹਰ ਹਰ ਮਹਾਂਦੇਵ ਦੇ ਜੈਕਾਰੇ ਗੂੰਜਦੇ।"* [3] ਕੀ ਇਹ ਉਹ ਹੀ ਲੋਕ ਹਨ ਜੋ ਮਿਲ-ਜੁਲ ਕੇ ਖੁਸ਼ਹਾਲ ਜ਼ਿੰਦਗੀ ਜੀਅ ਰਹੇ ਸਨ? ਸਮਾਜ ਦੇ ਖੁਸ਼ਹਾਲੀ ਤੋਂ ਉਜਾੜੇ ਵੱਲ ਵਧਣ ਦੇ ਆਂਤਰਿਕ ਕਾਰਨ ਸਮਾਜਿਕ ਵਿਵਸਥਾ ਵਿੱਚ ਇਸ ਪੱਧਰ ਤੱਕ ਵਿਗਾੜ ਪੈਦਾ ਨਹੀਂ ਕਰ ਸਕਦੇ ਸਨ। ਵਿਗਾੜ ਦੇ ਇਹਨਾਂ ਕਾਰਨਾਂ ਦਾ ਰੂਪ ਆਂਤਰਿਕ ਨਾ ਹੋ ਕੇ ਬਾਹਰੀ ਸੀ। ਨਾਵਲ ਵਿੱਚ ਲੇਖਕ ਇਸ ਵਿਗੜ ਰਹੇ ਸਮਾਜ ਦੇ ਸਰੂਪ ਦਾ ਵਰਣਨ ਕਰਦੇ ਹੋਏ ਲਿਖਦਾ ਹੈ, *"ਫ਼ਜੂ ਲੁਹਾਰ ਦੇ ਕਾਰਖਾਨੇ ਜਿੱਥੇ ਖੇਤੀ ਦੇ ਸੰਦ ਦਾਤੀਆਂ, ਕਹੀਆਂ, ਹਲਾਂ ਤੇ ਸੁਹਾਗੇ ਜੋ ਜ਼ਿੰਦਗੀ ਦੇ ਪ੍ਰਤੀਕ ਹਨ, ਬਣਦੇ ਸਨ, ਉੱਥੇ ਅੱਜ-ਕੱਲ੍ਹ ਲੁਹਾਰਾਂ ਨੇ ਗੰਡਾਸੀਆਂ, ਦਾਤਰ, ਬਰਛੇ ਤੇ ਤਲਵਾਰਾਂ ਜੋ ਉਜਾੜੇ ਦਾ ਪ੍ਰਤੀਕ ਹਨ, ਬਣਾਉਣੀਆਂ ਸ਼ੁਰੂ ਕਰ ਦਿੱਤੀਆਂ।"* [4]

ਡਾ. ਮਨਮੋਹਨ ਨੇ ਗੰਭੀਰ ਵਿਸ਼ਲੇਸ਼ਣ ਕਰਦੇ ਹੋਏ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਉਹ ਕਿਹੜੀਆਂ ਪਰਸਥਿਤੀਆਂ ਨਿਰਮਿਤ ਹੋਈਆਂ ਜਿਨ੍ਹਾਂ ਕਾਰਨ ਲੰਮੇ ਸਮਿਆਂ ਤੋਂ ਇਕੱਠੇ ਰਹਿ ਰਹੇ ਲੋਕ ਅਚਾਨਕ ਅਜਿਹੇ ਬਣ ਗਏ; ਅਜਿਹਾ ਕੀ ਹੋਇਆ ਜੋ ਇੱਕ-ਦੂਜੇ ਦੇ ਖੂਨ ਦੇ ਪਿਆਸੇ ਹੋ ਗਏ ਅਤੇ ਜੋ ਮਰਨ-ਮਾਰਨ ਤੇ ਉਜਾੜਨ ਲਈ ਇੱਕ ਪਲ ਵੀ ਨਹੀਂ ਸੋਚ ਰਹੇ। ਉਹ ਮਨੁੱਖੀ ਮਨ ਦੇ ਅੰਦਰੂਨੀ ਡਰ ਅਤੇ ਨਫ਼ਰਤ ਦੇ ਬੀਜਾਂ ਦੀ ਪਛਾਣ ਕਰਦਾ ਹੈ। ਜਿੱਥੇ ਬਹੁਤ ਸਾਰੀਆਂ ਰਚਨਾਵਾਂ ਵਿੱਚ ਵੰਡ ਨੂੰ ਦੁਖਾਂਤ ਰੂਪ ਵਿੱਚ ਚਿਤਰਿਆ ਹੈ, ਉੱਥੇ ਡਾ. ਮਨਮੋਹਨ ਇਸ ਨੂੰ ਮਨੁੱਖੀ ਹੋਂਦ ਅਤੇ ਪਛਾਣ ਦੇ ਸੰਕਟ ਵਜੋਂ ਵੇਖਦੇ ਹਨ।

ਲੇਖਕ ਦੀ ਸੂਖਮ ਦ੍ਰਿਸ਼ਟੀ ਪਾਠਕਾਂ ਨੂੰ ਘਟਨਾਵਾਂ ਦੇ 'ਕੀ' ਤੋਂ ਅੱਗੇ ਵਧ ਕੇ 'ਕਿਉਂ' ਦੇ ਰੂਬਰੂ ਕਰਵਾਉਂਦੀ ਹੈ। ਨਾਵਲ ਇਹ ਪ੍ਰਸ਼ਨ ਪੈਦਾ ਕਰਦਾ ਹੈ ਕਿ ਅਜਿਹੇ ਹਾਲਾਤ ਕਿਉਂ ਪੈਦਾ ਹੋਏ। ਇਹ ਕੇਵਲ ਧਰਮਾਂ ਦੀ ਹੀ ਲੜਾਈ ਸੀ ਜਾਂ ਸੱਤਾ ਦੀ ਭੁੱਖ, ਆਗੂਆਂ ਦੀ ਜ਼ਿੱਦ ਅਤੇ ਬਸਤੀਵਾਦੀ ਨੀਤੀਆਂ ਦਾ ਨਤੀਜਾ? ਜਿਸ ਨੇ ਆਮ ਲੋਕਾਂ ਨੂੰ ਨਫ਼ਰਤੀ, ਜਨੂੰਨੀ ਅਤੇ ਸੰਵੇਦਨਹੀਣ ਬਣਾ ਦਿੱਤਾ। ਅਜਿਹੇ ਹਾਲਾਤ ਪੈਦਾ ਕਰਨ ਵਾਲੀਆਂ ਬਸਤੀਵਾਦੀ ਨੀਤੀਆਂ ਦੀ ਗੱਲ ਕਰੀਏ ਤਾਂ ਨਾਵਲ ਵਿੱਚ ਲੇਖਕ ਤਾਇਆ ਬਿਸ਼ਨ ਸਿੰਘ ਪਾਤਰ ਰਾਹੀਂ ਵਰਣਨ ਕਰਦਾ ਹੈ, *"ਜਲ੍ਹਿਆਂਵਾਲੇ ਬਾਗ ਦੇ ਸਾਕੇ ਤੋਂ ਪਹਿਲਾਂ ਪੰਜਾਬੀਆਂ ਨੇ ਫਿਰਕੂ ਯੱਕਜਹਿਤੀ ਦਾ ਮੁਜ਼ਾਹਰਾ ਕੀਤਾ। ਅੰਗਰੇਜ਼ਾਂ ਦੀ ਦੁਫ਼ਾੜ ਕਰਨ ਵਾਲੀ ਨੀਅਤ ਤੇ ਨਸਲੀ ਘੁਮੰਡ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ। ਫਿਰੰਗੀ ਜ਼ਖ਼ਮੀ ਸੱਪ ਵਾਂਗ ਹੋਰ ਵਿਸ਼ ਘੋਲਣ ਲੱਗ ਪਿਆ। ਲੋਕ ਸ਼ਾਇਦ ਇਸੇ ਲਈ ਕਹਿੰਦੇ ਹਨ ਕਿ ਸੱਪ ਨੂੰ ਜ਼ਖ਼ਮੀ ਕਰਕੇ ਜਿਉਂਦੇ ਨਾ ਛੱਡੋ।"* [5] ਇੱਥੇ ਸਾਂਝ, ਸੁਹਿਰਦਤਾ ਅਤੇ ਪ੍ਰੇਮ ਦਾ ਇੱਕ ਹੋਰ ਉਦਾਹਰਣ ਨਾਵਲ ਵਿੱਚ ਮਿਲਦਾ ਹੈ, *"ਨੌਂ ਅਪ੍ਰੈਲ ਨੂੰ ਰਾਮ ਨੌਮੀ ਦੇ ਜਲੂਸ ਦੀ ਕਿਆਦਤ ਡਾ. ਮੁਹੰਮਦ ਬਸ਼ੀਰ ਨੇ ਘੋੜੇ 'ਤੇ ਚੜ੍ਹ ਕੇ ਕੀਤੀ। ਉਸ ਦੇ ਪਿੱਛੇ ਸਾਈਕਲ ਸਵਾਰ ਹਿੰਦੂਆਂ ਦਾ ਜੱਥਾ ਸੀ। ਜਿਹਦੇ ਮਗਰ ਮੁਸਲਮਾਨ ਲੈਅ ਵਿੱਚ ਤਾਲੀਆਂ ਵਜਾ ਨਾਅਤਾਂ ਪੜ੍ਹਦੇ ਜਾ ਰਹੇ ਸਨ। ਹਿੰਦੂਆਂ ਦੇ ਉਤਸਵ ਵਿੱਚ ਮੁਸਲਮਾਨਾਂ ਛਬੀਲਾਂ ਲਾਈਆਂ। ਹਿੰਦੂਆਂ ਵੀ ਉਹਨਾਂ ਭਾਂਡਿਆਂ ਚੋਂ ਪਾਣੀ ਪੀਤਾ ਜਿਨ੍ਹਾਂ ਨਾਲ ਮੁਸਲਮਾਨ ਵਰਤਾ ਰਹੇ ਸਨ। ਧਰਮੀ ਜੈਕਾਰਿਆਂ ਦੀ ਥਾਂ ਹਿੰਦੂ-ਮੁਸਲਿਮ ਏਕਤਾ ਦੇ ਨਾਅਰੇ ਲੱਗ ਰਹੇ ਸਨ।"* [6] ਇਹ ਸੁਹਿਰਦਤਾ ਅਤੇ ਭਾਈਚਾਰਕ ਸਾਂਝ ਕਿਵੇਂ ਟੁਕੜੇ-ਟੁਕੜੇ ਹੋ ਗਈ? ਇਤਿਹਾਸਿਕ ਦ੍ਰਿਸ਼ਟੀ ਤੋਂ ਇਹ ਬਹੁਤ ਗਹਿਰੇ ਅਤੇ ਤਰਕਸੰਗਤ ਵਿਸ਼ਲੇਸ਼ਣ ਦੀ ਮੰਗ ਕਰਦੀ ਹੈ। ਪ੍ਰਸਿੱਧ ਇਤਿਹਾਸਕਾਰ ਵੀ. ਐਨ. ਦੱਤਾ ਆਪਣੀ ਕਿਤਾਬ 'ਜਲ੍ਹਿਆਂਵਾਲਾ ਬਾਗ' ਵਿੱਚ ਲਿਖਦੇ ਹਨ, *"ਇਸ ਦਿਨ ਦੀ ਏਕਤਾ ਨੇ ਅੰਗਰੇਜ਼ ਪ੍ਰਸ਼ਾਸਨ ਨੂੰ ਡਰਾ ਦਿੱਤਾ ਸੀ। ਖ਼ਾਸ ਕਰਕੇ ਡਾਇਰ ਅਤੇ ਓਡਵਾਇਰ ਨੂੰ ਲੱਗਿਆ ਕਿ ਜੇਕਰ ਹਿੰਦੂ-ਮੁਸਲਿਮ ਏਕਤਾ ਇੰਨੀ ਮਜਬੂਤ ਹੋ ਗਈ ਤਾਂ ਬ੍ਰਿਟਿਸ਼ ਰਾਜ ਦਾ 'ਫੁੱਟ ਪਾਓ ਤੇ ਰਾਜ ਕਰੋ' ਦਾ ਫਾਰਮੂਲਾ ਫੇਲ੍ਹ ਹੋ ਜਾਵੇਗਾ।"* [7]

ਭਾਰਤ ਵਿੱਚ ਲੋਕਾਂ ਦੀ ਸੱਭਿਆਚਾਰਕ, ਭਾਸ਼ਾਈ, ਅਤੇ ਇਲਾਕਾਈ ਸਾਂਝ ਵਾਲੀ ਪਛਾਣ ਤੋਂ ਧਰਮ ਵਾਲੀ ਪਛਾਣ ਵਿੱਚ ਪਰਿਵਰਤਿਤ ਕਰਨ ਦਾ ਪਹਿਲਾ ਅਤੇ ਮੁੱਖ ਅਧਾਰ ਬ੍ਰਿਟਿਸ਼ ਜਨਗਣਨਾ ਪ੍ਰਕਿਰਿਆ ਬਣੀ। ਹੁਣ ਵੇਖੀਏ ਕਿ ਇੱਕ ਲਾਹੌਰ ਦਾ ਵਿਅਕਤੀ ਤੇ ਦੂਜਾ ਢਾਕਾ ਦਾ ਵਿਅਕਤੀ, ਉਹਨਾਂ ਵਿੱਚ ਨਾ ਭਾਸ਼ਾ ਦੀ ਸਾਂਝ ਹੈ ਅਤੇ ਨਾ ਸੱਭਿਆਚਾਰਕ ਸਾਂਝ ਹੈ; ਕੇਵਲ ਧਰਮ ਦੇ ਅਧਾਰ 'ਤੇ ਉਹਨਾਂ ਨੂੰ ਇੱਕ ਵਰਗ ਵਿੱਚ ਗਿਣਿਆ ਜਾਣਾ ਆਰੰਭ ਹੋਇਆ। ਇਸ ਦੇ ਪ੍ਰਭਾਵ ਅਧੀਨ ਉਹ ਲੋਕ, ਨਾਲ ਰਹਿਣ ਵਾਲੇ ਦੂਜੇ ਧਰਮਾਂ ਪਰ ਸਾਂਝੇ ਸੱਭਿਆਚਾਰ ਤੇ ਸਾਂਝੀ ਭਾਸ਼ਾ ਦੇ ਲੋਕਾਂ ਤੋਂ ਬੇਗਾਨਗੀ ਦੇ ਭਾਵ ਮਹਿਸੂਸ ਕਰਨ ਲੱਗੇ। ਸਰੀਰਕ ਰੂਪ ਤੋਂ ਨੇੜੇ ਰਹਿਣ ਦੇ ਬਾਵਜੂਦ ਉਹਨਾਂ ਦੇ ਮਨ ਦੂਰ ਹੁੰਦੇ ਗਏ। 1871-72 ਦੀ ਪਹਿਲੀ ਰਸਮੀ ਮਰਦਮਸ਼ੁਮਾਰੀ ਨੇ ਭਾਰਤੀ ਸਮਾਜ ਨੂੰ- ਜੋ ਪਹਿਲਾਂ ਸਾਂਝੀਆਂ ਪਰੰਪਰਾਵਾਂ ਵਿੱਚ ਜਿਉਂਦਾ ਸੀ- ਅੰਕੜਿਆਂ ਵਿੱਚ ਵੰਡ ਦਿੱਤਾ। ਇਸ ਜਨਗਣਨਾ ਤੋਂ ਪਹਿਲਾਂ ਕੋਈ ਵਿਅਕਤੀ ਕਿਸੇ ਵੀ ਧਰਮ ਦਾ ਹੋ ਕੇ ਇੱਕੋ ਵੇਲੇ ਸੂਫ਼ੀ ਦਰਗਾਹ ਨੂੰ ਅਤੇ ਮੰਦਰ ਨੂੰ ਸਮਾਨ ਮਹੱਤਵ ਦਿੰਦਾ ਸੀ। ਬ੍ਰਿਟਿਸ਼ ਹਕੂਮਤ ਨੇ ਮਰਦਮਸ਼ੁਮਾਰੀ ਦੇ ਇਸ ਫਾਰਮ ਵਿੱਚ ਉਹਨਾਂ ਨੂੰ ਕੇਵਲ ਇੱਕ ਹੀ ਖਾਨਾ ਚੁਣਨ ਲਈ ਮਜਬੂਰ ਕਰ ਦਿੱਤਾ। ਇਸ ਨਾਲ ਪਹਿਲੀ ਵਾਰ ਲੋਕਾਂ ਵਿੱਚ ਘੱਟ-ਗਿਣਤੀ (Minority) ਅਤੇ ਵੱਧ-ਗਿਣਤੀ (Majority) ਦੀ ਭਾਵਨਾ ਜਾਗ੍ਰਿਤ ਹੋਈ। ਘੱਟ-ਗਿਣਤੀ ਅਤੇ ਵੱਧ-ਗਿਣਤੀ ਕੋਈ ਪੁਰਾਤਨ ਸਚਾਈਆਂ ਨਹੀਂ ਸਨ, ਸਗੋਂ ਇਹ ਬਸਤੀਵਾਦੀ ਸ਼ਾਸਨ ਦੀਆਂ ਪ੍ਰਸ਼ਾਸਨਿਕ ਨੀਤੀਆਂ, ਮਰਦਮਸ਼ੁਮਾਰੀ ਅਤੇ ਆਧੁਨਿਕ ਰਾਜਨੀਤੀ ਦੀ ਉਪਜ ਸਨ। ਅੰਗਰੇਜ਼ਾਂ ਨੇ ਭਾਰਤੀਆਂ ਦੀਆਂ ਧਾਰਮਿਕ ਸ਼੍ਰੇਣੀਆਂ ਦੀਆਂ ਵੰਡਾਂ ਨੂੰ ਇਸ ਲਈ ਉਭਾਰਿਆ ਤਾਂ ਜੋ ਰਾਜ ਕਰਨਾ ਸੌਖਾ ਅਤੇ ਸਥਿਰ ਹੋ ਸਕੇ; ਕਿਉਂਕਿ ਹੁਣ ਸਾਰੇ ਲੋਕਾਂ ਦੇ ਦੁਸ਼ਮਣ ਅੰਗਰੇਜ਼ ਨਹੀਂ ਸਗੋਂ ਇਸ ਵਖਰੇਵੇਂ ਕਾਰਨ ਲੋਕ ਆਪ ਹੀ ਇੱਕ-ਦੂਜੇ ਦੇ ਦੁਸ਼ਮਣ ਬਣਨੇ ਸ਼ੁਰੂ ਹੋ ਗਏ। ਇਹ ਪੁਰਾਤਨ ਭਾਈਚਾਰਕ ਸਾਂਝ ਨੂੰ ਤੋੜਨ ਵਿੱਚ ਵੱਡਾ ਅਤੇ ਜ਼ੋਰਦਾਰ ਹਮਲਾ ਸੀ। ਇਸ ਤਲਿਸਮ ਦੇ ਪ੍ਰਭਾਵ ਦੇ ਉਦਾਹਰਣ ਨਾਵਲ ਵਿੱਚ ਵੱਖ-ਵੱਖ ਥਾਵਾਂ 'ਤੇ ਇਸ ਤਰ੍ਹਾਂ ਪ੍ਰਾਪਤ ਹੁੰਦੇ ਹਨ, *"ਰੋਟੀ ਖਾਂਦਿਆਂ ਬੋਧਾ ਸੋਚ ਰਿਹਾ ਸੀ ਕਿ ਰਸ਼ੀਦਾ ਸੁੰਨਤ ਦਾ ਬੜਾ ਪੱਕਾ ਹੁੰਦਾ ਜਾ ਰਿਹਾ ਏ। ਕਿਤੇ ਇਹ ਵੀ ਲੀਗੀਆਂ ਦੇ ਪ੍ਰਚਾਰ ਦਾ ਤਾਂ ਨਹੀਂ ਹੌਲੀ-ਹੌਲੀ ਸ਼ਿਕਾਰ ਹੋ ਰਿਹਾ ... ਫਿਰ ਉਸ ਨੂੰ ਆਪਣੇ ਅੰਦਰੋਂ ਈ ਜਵਾਬ ਮਿਲ ਗਿਆ ਕਿ ਮਜ਼ਹਬ ਦੀ*

*ਸਿਆਸਤ ਬੜੀ ਖ਼ਤਰਨਾਕ ਚੀਜ਼ ਹੁੰਦੀ ਏ...! ਉਹ ਇਸ ਲਈ ਕਿ ਸਿਆਸਤ ਦਾ ਕੋਈ ਮਜ਼ਹਬ ਨਹੀਂ ਹੁੰਦਾ।"* [8]

ਮਜ਼ਹਬ ਦਾ ਨਕਾਰਾਤਮਕ ਪ੍ਰਭਾਵ ਬਹੁਤ ਤੇਜ਼ੀ ਨਾਲ ਫੈਲ ਰਿਹਾ ਸੀ। ਇਹ ਪ੍ਰਭਾਵ ਸਮਾਜ ਦੇ ਹਰ ਵਰਗ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਰਿਹਾ ਸੀ। ਸਮਾਜ ਦਾ ਵਿਵੇਕਸ਼ੀਲ ਮੰਨਿਆ ਜਾਣ ਵਾਲਾ ਵਰਗ ਅਸਲ ਵਿੱਚ ਵਿਵੇਕਸ਼ੀਲ ਹੈ ਜਾਂ ਕਿਸੇ ਪੱਧਰ 'ਤੇ ਪਹੁੰਚ ਕੇ ਉਹ ਵੀ ਥਿੜਕ ਜਾਂਦਾ ਹੈ, ਇਸ ਸਬੰਧੀ ਝਲਕ ਨਾਵਲ ਵਿੱਚ ਇਸ ਤਰ੍ਹਾਂ ਪ੍ਰਾਪਤ ਹੁੰਦੀ ਹੈ, *"ਬੋਧੇ ਨੂੰ ਲੱਗਿਆ ਮਾਸਟਰ ਰੁਲੀਆ ਰਾਮ ਦੀ ਸੋਚ ਉਦਾਰਤਾ ਤੋਂ ਕੱਟੜਤਾ ਵੱਲ ਵਧ ਰਹੀ ਹੈ। ਕਾਂਗਰਸ ਦੀਆਂ ਨੀਤੀਆਂ ਖ਼ਾਸ ਕਰ ਗਾਂਧੀ ਦੀ ਘੱਟ-ਗਿਣਤੀਆਂ ਪ੍ਰਤੀ ਮੋਹ ਭਾਵਨਾ ਮਾਸਟਰ ਜੀ ਦੀ ਨਿਰਾਸ਼ਾ ਤੇ ਉਦਾਸੀ ਦਾ ਕਾਰਨ ਸੀ। ਜਦ ਦਾ ਆਰ. ਐੱਸ. ਐੱਸ. ਦੇ ਮੁਖੀ ਗੋਲਵਰਕਰ ਦਾ ਪੰਜਾਬ ਦਾ ਦੌਰਾ ਹੋਇਆ ਏ, ਉਸ ਦਾ ਹਿੰਦੂਵਾਦੀ ਨਜ਼ਰੀਆ ਹੋਰ ਕੱਟੜ ਹੋ ਗਿਆ ਏ।"* [9]

*ਤਮਸ* ਨਾਵਲ ਵਿੱਚ ਭੀਸ਼ਮ ਸਾਹਨੀ ਲਿਖਦੇ ਹਨ, *"ਜਦੋਂ ਨਫ਼ਰਤ ਮਜ਼ਦੂਰਾਂ ਦੀਆਂ ਬਸਤੀਆਂ ਤੱਕ ਪਹੁੰਚ ਜਾਵੇ ਤਾਂ ਫਿਰ ਦੰਗਿਆਂ ਨੂੰ ਕੋਈ ਨਹੀਂ ਰੋਕ ਸਕਦਾ।"* [10]

ਡਾ. ਮਨਮੋਹਨ ਇਹਨਾਂ ਰਾਜਨੀਤੀ-ਪ੍ਰੇਰਿਤ ਸੰਪਰਦਾਇਕ ਦੰਗਿਆਂ ਦੀ ਜੜ੍ਹ ਨੂੰ ਖੋਜਦੇ ਹੋਏ ਉਪਰੋਕਤ ਵਿਚਾਰ ਵਿੱਚ ਹੋਰ ਵਾਧਾ ਕਰਦੇ ਹਨ। ਇਸ ਤੋਂ ਇਹ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਜਦੋਂ ਮਾਨਵਵਾਦੀ ਗੁਣਾਂ ਦਾ ਸੰਚਾਰ ਕਰਨ ਅਤੇ ਸਮਾਜ ਨੂੰ ਸਾਰਥਕ ਦਿਸ਼ਾ ਪ੍ਰਦਾਨ ਕਰਨ ਵਾਲਾ ਬੁੱਧੀਜੀਵੀ ਵਰਗ ਅਤੇ ਸਮਾਜ ਦਾ ਭਾਰ ਚੁੱਕਣ ਵਾਲਾ ਮਜ਼ਦੂਰ ਵਰਗ, ਦੋਵੇਂ ਹੀ ਨਫ਼ਰਤ ਦਾ ਸ਼ਿਕਾਰ ਹੋ ਜਾਣ ਅਤੇ ਉਹਨਾਂ ਦਾ ਹੀ ਮਾਨਸਿਕ ਸੰਤੁਲਨ ਗਵਾਚ ਜਾਵੇ ਤਾਂ ਉਜਾੜਾ ਨਿਸ਼ਚਿਤ ਹੋ ਜਾਂਦਾ ਹੈ। ਬੁੱਧੀਜੀਵੀ ਵਰਗ ਉੱਤੇ ਇਹ ਪ੍ਰਭਾਵ ਵਧਦਾ ਹੀ ਨਹੀਂ ਜਾ ਰਿਹਾ ਸੀ ਸਗੋਂ ਇਹ ਵਰਗ ਇਸ ਨੂੰ ਹੋਰ ਵਧਾਉਣ ਵਿੱਚ ਉਚੇਚਾ ਯੋਗਦਾਨ ਦੇ ਰਿਹਾ ਸੀ। ਲੇਖਕ ਵਰਣਨ ਕਰਦਾ ਹੈ, *"ਹੈੱਡਮਾਸਟਰ ਅਹਿਮਦਦੀਨ ਕਹਿੰਦਾ ਭਾਈ ਬੋਧ ਸਿੰਘਾਂ... ਹੁਣੇ-ਹੁਣੇ ਖ਼ਬਰ ਆਈ ਏ ਕਿ ਅੰਗਰੇਜ਼ ਹਕੂਮਤ ਨੇ ਹਿੰਦੋਸਤਾਨ ਦੀ ਆਜ਼ਾਦੀ ਦਾ ਕਾਨੂੰਨ ਪਾਸ ਕਰ ਦਿੱਤਾ ਏ। ਹੁਣ ਤਾਂ ਪਾਕਿਸਤਾਨ ਨੂੰ ਬਣਨੋਂ ਕੋਈ ਨਹੀਂ ਰੋਕ ਸਕਦਾ...!"* [11]

ਡਾ. ਮਨਮੋਹਨ ਨਾਵਲ ਵਿੱਚ ਇਹ ਸਪਸ਼ਟ ਕਰਦੇ ਹਨ ਕਿ ਕਿਵੇਂ ਬਸਤੀਵਾਦੀ ਦੌਰ ਦੇ ਘਿਨਾਉਣੇ ਰੂਪ ਤੋਂ ਪਹਿਲਾਂ ਪੰਜਾਬ ਦੀ ਪਛਾਣ ਪੰਜਾਬੀਅਤ ਸੀ, ਜਿੱਥੇ ਧਰਮ ਇੱਕ ਨਿਜੀ ਵਿਸ਼ਵਾਸ ਸੀ। ਪਰ ਜਦੋਂ ਅੰਗਰੇਜ਼ਾਂ ਨੇ ਗਿਣਤੀ ਦਾ ਪੈਂਤੜਾ ਖੇਡਿਆ ਤਾਂ ਪੰਜਾਬੀ ਮਨ ਪਾਟਣਾ ਸ਼ੁਰੂ ਹੋ ਗਿਆ। ਰੋਜ਼ਾਨਾ ਜ਼ਿੰਦਗੀ ਵਿੱਚ ਉਹ ਗੁਆਂਢੀ ਜਾਂ ਵਪਾਰਕ ਭਾਈਵਾਲ ਸਨ, ਪਰ ਕਿਸੇ ਖ਼ਾਸ ਘਟਨਾ ਵੇਲੇ ਉਹ ਧਾਰਮਿਕ ਸਮੂਹ ਵਿੱਚ ਇਕੱਠੇ ਹੋ ਜਾਂਦੇ ਸਨ।

ਦੂਜਾ ਵੱਡਾ ਕਾਰਨ ਭਾਰਤੀ ਲੀਡਰਾਂ ਵਿੱਚ ਆਤਮ-ਮੁਗਧ ਸੱਤਾ ਦੀ ਭਾਵਨਾ ਦਾ ਸ਼ਿਖਰ ਉੱਤੇ ਹੋਣਾ ਸੀ। ਉਹਨਾਂ ਦੇ ਆਪਸੀ ਮਤਭੇਦ ਅਤੇ ਵਖਰੇਵੇਂ ਇਸ ਪੱਧਰ ਤੱਕ ਸਨ ਕਿ ਉਹਨਾਂ ਵਿਚਲੇ ਵੱਡੇ ਪਾੜੇ ਕਦੇ ਵੀ ਅਤੇ ਕਿਸੇ ਵੀ ਢੰਗ ਨਾਲ ਨਾ ਪੂਰੇ ਜਾ ਸਕਣ ਵਾਲੇ ਬਣ ਚੁੱਕੇ ਸਨ। ਘੱਟ-ਵੱਧ ਪੱਧਰ ਨਾਲ ਸਾਰੇ ਹੀ ਕਿਧਰੇ ਨਾ ਕਿਧਰੇ ਆਪਣੇ ਜ਼ਿੱਦੀ ਸੁਭਾਅ ਨੂੰ ਦੇਸ਼ ਦੀ ਹੋਣੀ ਬਣਾਉਣ ਵੱਲ ਯਤਨਸ਼ੀਲ ਸਨ। ਕੁਝ ਹੀ ਆਗੂ ਵਿਹਾਰਿਕ ਸੋਚ ਵਾਲੇ ਸਨ; ਬਹੁਤ ਸਾਰੇ ਭਾਵੁਕ ਸੁਭਾਅ ਵਾਲੇ ਸਨ। ਉਹਨਾਂ ਦਾ ਨਿਜੀ ਭਾਵੁਕ ਸੁਭਾਅ ਆਮ ਲੋਕਾਂ ਦੀ ਜ਼ਿੰਦਗੀ ਅਤੇ ਭਵਿੱਖ ਨਾਲ ਖੇਡ ਰਿਹਾ ਸੀ। ਲੀਡਰਾਂ ਕੋਲ ਕੇਵਲ ਭਾਵੁਕ ਨਾਅਰੇ ਸਨ; 'ਪਾਕਿਸਤਾਨ ਮੇਰੀ ਲਾਸ਼ 'ਤੇ ਬਣੇਗਾ' ਵਰਗੇ ਭਾਵੁਕ ਨਾਅਰੇ ਤੋਂ ਵੱਧ ਉਹ ਕੋਈ ਵਿਹਾਰਕ ਸਮਾਧਾਨ ਨਾ ਦੇ ਸਕੇ।

*"ਪ੍ਰਸਿੱਧ ਚਿੰਤਕ ਡਾ. ਬੀ. ਆਰ. ਅੰਬੇਡਕਰ ਨੇ 1940 ਈ. ਵਿੱਚ ਲਿਖੇ ਲੇਖ 'ਪਾਕਿਸਤਾਨ ਜਾਂ ਭਾਰਤ ਦੀ ਵੰਡ' ਵਿੱਚ ਸੰਪ੍ਰਦਾਇਕਤਾ ਦੇ ਸਮਾਧਾਨ ਦਾ ਇੱਕ ਨਿਰਪੱਖ, ਤੱਥ-ਅਧਾਰੀ ਅਤੇ ਤਰਕਸੰਗਤ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਸੀ। ਉਹਨਾਂ ਨੇ ਵੰਡ ਦੀ ਹਿਮਾਇਤ ਇਸ ਸਮੇਂ ਦੌਰਾਨ ਹੀ ਕਰ ਦਿੱਤੀ ਸੀ, ਜੋ ਕਿਸੇ ਭਾਵਨਾ ਦੇ ਆਧਾਰ ਉੱਤੇ ਨਹੀਂ ਸਗੋਂ ਭਾਰਤ ਦੇ ਭਵਿੱਖ ਲਈ ਇੱਕ ਵਿਹਾਰਿਕ ਲੋੜ ਬਣ ਚੁੱਕੀ ਸੀ।"* [12]

ਆਤਮ-ਮੁਗਧ ਸੱਤਾ ਮਨੋਵਿਗਿਆਨ ਦੀ ਇੱਕ ਅਹਿਮ ਧਾਰਨਾ ਹੈ। ਇਸ ਦਾ ਸਭ ਤੋਂ ਪਹਿਲਾਂ ਪ੍ਰਭਾਵਸ਼ਾਲੀ ਵਰਣਨ ਆਸਟ੍ਰੀਆ ਦੇ ਪ੍ਰਸਿੱਧ ਮਨੋਵਿਗਿਆਨੀ ਹੇਂਜ਼ ਕੋਹੂਟ ਨੇ 'ਅਨੈਲਸਿਸ ਆਫ਼ ਸੈਲਫ' ਵਿੱਚ ਕੀਤਾ। ਉਹ ਆਤਮ-ਮੁਗਧ ਸੱਤਾ ਨੂੰ ਸਪਸ਼ਟ ਕਰਦਾ ਹੈ ਕਿ ਅਜਿਹੀ ਮਾਨਸਿਕ ਸਥਿਤੀ ਜਿੱਥੇ ਇੱਕ ਵਿਅਕਤੀ ਆਪਣੀ ਅੰਦਰੂਨੀ ਹਉਮੈ (Ego) ਨੂੰ ਬਰਕਰਾਰ ਰੱਖਣ ਲਈ ਦੂਜਿਆਂ ਉੱਤੇ ਪੂਰਨ ਨਿਅੰਤਰਣ ਜਾਂ ਸੱਤਾ ਚਾਹੁੰਦਾ ਹੈ। ਕੋਹੂਟ ਅਨੁਸਾਰ, *"ਜਦੋਂ ਕਿਸੇ ਆਤਮ-ਮੁਗਧ (ਸਵੈ-ਮੋਹੀ) ਵਿਅਕਤੀ ਦੀ ਹਉਮੈ ਨੂੰ ਸੱਟ ਵੱਜਦੀ ਹੈ ਜਾਂ ਉਸ ਦੀ ਗੱਲ ਨਹੀਂ ਮੰਨੀ ਜਾਂਦੀ, ਤਾਂ ਉਹ ਇਸ ਨੂੰ ਡੂੰਘੀ ਬੇਇਜ਼ਤੀ ਵਜੋਂ ਲੈਂਦਾ ਹੈ ਅਤੇ ਜ਼ਖ਼ਮੀ ਹੋਇਆ ਉਸ ਜ਼ਿੱਦ ਨੂੰ ਪੁਗਾਉਣ ਲਈ ਹਰ ਹੀਲਾ ਵਰਤਦਾ ਹੈ; ਚਾਹੇ ਲੱਖਾਂ ਲੋਕਾਂ ਦਾ ਘਾਣ ਹੋ ਜਾਵੇ। ਇਸ ਨੂੰ ਮਾਸ ਮੈਨੁਪੁਲੇਸ਼ਨ (Mass Manipulation) ਭਾਵ ਭੀੜ ਦਾ ਮਾਨਸਿਕ ਸ਼ੋਸ਼ਣ ਕਿਹਾ ਜਾਂਦਾ ਹੈ।"* [13] ਵਿਸ਼ਲੇਸ਼ਣਾਤਮਿਕ ਦ੍ਰਿਸ਼ਟੀ ਤੋਂ ਵੇਖੀਏ ਤਾਂ ਅਜਿਹੀਆਂ ਸੰਪਰਦਾਇਕ ਮੰਗਾਂ ਅਕਸਰ ਕੁਲੀਨ ਵਰਗ (Elite Class Leaders) ਦੀਆਂ ਆਪਣੀਆਂ ਸਿਆਸੀ ਇੱਛਾਵਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਧਰਮ ਜਾਂ ਪਛਾਣ ਦਾ ਚੋਲਾ ਪਹਿਨਾ ਕੇ ਲੋਕਾਂ ਦੀਆਂ ਮੰਗਾਂ ਬਣਾ ਦਿੱਤਾ ਜਾਂਦਾ ਹੈ। ਜਿਨਾਹ ਵਰਗੇ ਆਤਮ-ਮੁਗਧ ਲੀਡਰਾਂ ਨੇ ਲੋਕਾਂ ਦੇ ਮਨਾਂ ਵਿੱਚ ਇਹ ਡਰ ਪੈਦਾ ਕੀਤਾ ਕਿ ਦੂਜੀ ਕੌਮ ਤੁਹਾਡੀ ਪਛਾਣ ਨੂੰ ਖ਼ਤਮ ਕਰ ਦੇਵੇਗੀ। ਜਦੋਂ ਡਰ ਭਾਰੂ ਹੋ ਜਾਂਦਾ ਹੈ ਤਾਂ ਲੋਕ ਤਰਕ ਕਰਨਾ ਛੱਡ ਦਿੰਦੇ ਹਨ। ਉਹ ਲੀਡਰ ਦੀ ਨਿਜੀ ਸਿਆਸੀ ਮੰਗ ਨੂੰ ਆਪਣੀ ਹੋਂਦ ਦੀ ਲੜਾਈ ਸਮਝਣ ਲੱਗ ਪੈਂਦੇ ਹਨ ਅਤੇ ਅਸੁਰੱਖਿਆ ਦੇ ਭਾਵ ਤੋਂ ਉਹ ਆਪਣੀ ਸੋਚਣ ਸ਼ਕਤੀ ਇੱਕ ਤਾਕਤਵਰ ਨੇਤਾ ਨੂੰ ਸੌਂਪ ਦਿੰਦੇ ਹਨ। ਆਤਮ-ਮੁਗਧ ਸੱਤਾ ਦਾ ਉਦਾਹਰਣ ਨਾਵਲ ਵਿੱਚ ਇਸ ਤਰ੍ਹਾਂ ਮਿਲਦਾ ਹੈ:

*"ਬੋਧੇ ਨੂੰ ਸਿਆਸਤ, ਮਜ਼ਹਬ ਤੇ ਜ਼ਿੱਦੀਪਨ ਦੀ ਮਿਲਾਵਟ ਦੀ ਉਦਾਹਰਣ ਵੀ ਆਪਣੇ ਆਪ ਹੀ ਮਿਲ ਗਈ। ਉਸਨੇ ਸੁਣ ਰੱਖਿਆ ਸੀ ਕਿ ਮੁਸਲਿਮ ਲੀਗ ਦਾ ਕਾਇਦੇ-ਆਜ਼ਮ ਜਿਨਾਹ ਸ਼ੁਰੂਆਤੀ ਜ਼ਿੰਦਗੀ ਚ ਬੜੇ ਅਲੱਗ ਕਿਸਮ ਦੇ ਸੁਭਾਅ ਦਾ ਬੰਦਾ ਸੀ। ਥੋੜ੍ਹਾ ਅਲੱਗ-ਥਲੱਗ ਰਹਿਣ ਵਾਲਾ ਜ਼ਿੱਦੀ ਤੇ ਚੁੱਪ ਤਬੀਅਤ ਦਾ...! ਆਪਣਾ ਅਪਮਾਨ ਨਾ ਸਹਿ ਸਕਣ ਵਾਲਾ। ਈਮਾਨਦਾਰੀ ਸ਼ੱਕ ਤੋਂ ਪਰ੍ਹੇ। ਜ਼ਿਆਦਾ ਤੌਰ 'ਤੇ ਉੱਠਣਾ-ਬੈਠਣਾ ਅਮੀਰ ਪਾਰਸੀਆਂ ਨਾਲ। ਪਾਰਸੀ ਹਿੰਦੁਸਤਾਨੀਆਂ ਵਿੱਚ ਸਭ ਤੋਂ ਵੱਧ ਅੰਗਰੇਜ਼ੀਦਾਂ। ਨਾ ਉਰਦੂ ਬੋਲਦੇ ਨਾ ਹਿੰਦਵੀ। ਆਮ ਬਾਤਚੀਤ ਵੀ ਅੰਗਰੇਜ਼ੀ 'ਚ ਕਰਨ। ਜਿਨਾਹ ਬਜ਼ਾਤੇ-ਖ਼ੁਦ ਅਮਲੀ ਤੌਰ 'ਤੇ ਮੁਸਲਮਾਨ ਨਹੀਂ ਸੀ। ਉਸ ਨਾ ਕਦੇ ਕੁਰਾਨ ਪੜ੍ਹੀ, ਨਾ ਹੱਜ ਕੀਤਾ, ਨਾ ਸ਼ਰੀਅਤ 'ਤੇ ਅਮਲ ਕੀਤਾ। ਸ਼ਰਾਬ, ਸਿਗਰਟ ਤੇ ਸੂਅਰ ਤੋਂ ਪਰਹੇਜ਼ ਨਹੀਂ ਸੀ ਉਸਨੂੰ। ਆਪਣੇ ਆਪ ਨੂੰ ਬੜਾ ਆਧੁਨਿਕ, ਅਗਾਹਵਧੂ ਤੇ ਧਰਮ-ਨਿਰਪੇਖ ਸਮਝਦਾ ਸੀ ਪਰ ਉਸਦੀ ਹਉਮੈ ਅਤੇ ਅਕਾਂਖਿਆ ਬੜੀ ਵੱਡੀ ਸੀ।"* [14]

ਜਦੋਂ ਕੋਈ ਵਿਅਕਤੀ ਭੀੜ ਦਾ ਹਿੱਸਾ ਬਣ ਜਾਂਦਾ ਹੈ ਤਾਂ ਉਸ ਦੀ ਬੌਧਿਕ ਸਮਰੱਥਾ ਘਟ ਕੇ ਸਭ ਤੋਂ ਹੇਠਲੇ ਪੱਧਰ 'ਤੇ ਆ ਜਾਂਦੀ ਹੈ। ਭੀੜ ਕਦੇ ਸੱਚ ਦੀ ਤਲਾਸ਼ ਨਹੀਂ ਕਰਦੀ ਹੁੰਦੀ, ਉਹ ਸਿਰਫ਼ ਭਰਮ ਪਿੱਛੇ ਭੱਜਦੀ ਹੈ; ਜਿੱਥੇ ਲੋਕਾਂ ਦੀ ਨਿਜੀ ਪਛਾਣ ਸਮੂਹ ਦੀ ਪਛਾਣ ਵਿੱਚ ਪਰਿਵਰਤਿਤ ਹੋ ਜਾਂਦੀ ਹੈ। ਜਦੋਂ ਕੰਮੋ ਨਾਲ ਜਬਰ-ਜਿਨਾਹ ਹੁੰਦਾ ਹੈ ਅਤੇ ਬੋਧੇ ਨਾਲ ਧੱਕਾ ਕਰਕੇ ਉਸ ਦਾ ਧਰਮ ਪਰਿਵਰਤਨ ਕਰਨ ਦੀ ਕੋਸ਼ਿਸ਼ ਹੁੰਦੀ ਹੈ, ਤਾਂ ਬੋਧੇ ਦੇ ਪੁਰਾਣੇ ਯਾਰ-ਮਿੱਤਰ- ਉਸ ਨੂੰ ਭਰੋਸਾ ਦਿਵਾਉਣ ਵਾਲੇ ਕਿ ਸਾਡੇ ਹੁੰਦਿਆਂ ਤੁਹਾਡਾ ਕੋਈ ਕੁਝ ਨਹੀਂ ਵਿਗਾੜ ਸਕਦਾ- ਉੱਥੇ ਗਾਇਬ ਹੁੰਦੇ ਹਨ। ਨਾਵਲ ਵਿੱਚ ਮਿਲਦਾ ਹੈ ਕਿ ਜਿਹੜੀ ਭੀੜ ਬੋਧੇ ਅਤੇ ਕੰਮੋ ਨੂੰ ਘੇਰਦੀ ਹੈ, ਉਸ ਨੂੰ ਭੜਕਾਉਣ ਤੇ ਉਸ ਦੀ ਰਹਿਨੁਮਾਈ ਕਰਨ ਵਾਲੇ ਦੋ ਬੰਦੇ ਚੌਂਕੀਦਾਰ ਫਰੀਦ ਤੇ ਮੁਫ਼ਤੀ ਨੂਰ ਇਲਾਹੀ ਸਨ। ਹੁਣ ਉਹ ਬੋਧੇ ਦੇ ਸੰਗੀ-ਸਾਥੀ ਨਾ ਰਹਿ ਕੇ ਸਿਰਫ਼ ਮੁਸਲਮਾਨ ਹਨ ਅਤੇ ਉਹਨਾਂ ਦੀ ਦ੍ਰਿਸ਼ਟੀ ਵਿੱਚ ਬੋਧੇ ਦੀ ਪਛਾਣ ਇੱਕ ਕਾਫ਼ਿਰ ਸਿੱਖ ਵਾਲੀ ਹੈ।

ਸਮੁੱਚੇ ਤੌਰ 'ਤੇ 'ਮਨੁ ਪੰਖੀ ਭਇਓ' ਨਾਵਲ ਦੇਸ਼ ਦੀ ਵੰਡ ਪਿੱਛੇ ਕਾਰਜਸ਼ੀਲ ਸੱਤਾ-ਨਿਰਮਿਤ ਉਹਨਾਂ ਪ੍ਰਸਥਿਤੀਆਂ ਦਾ ਬਹੁਤ ਗੰਭੀਰ ਅਤੇ ਸੂਖਮ ਅਧਿਆਇ ਪੇਸ਼ ਕਰਦਾ ਹੈ ਜਿਨ੍ਹਾਂ ਕਾਰਨ ਦੇਸ਼ ਦੀ ਵੰਡ ਕੇਵਲ ਵੰਡ ਨਾ ਰਹਿ ਕੇ ਮਨੁੱਖਤਾ ਦਾ ਉਜਾੜਾ ਸਾਬਿਤ ਹੁੰਦੀ ਹੈ। ਰਾਜਾਂ ਦੀਆਂ ਸੀਮਾਵਾਂ ਤਾਂ ਸਦੀਆਂ ਤੋਂ ਬਦਲਦੀਆਂ ਰਹੀਆਂ ਹਨ, ਪਰ ਉੱਥੋਂ ਦੇ ਲੋਕ ਉਸ ਤਰ੍ਹਾਂ ਹੀ ਵੱਸਦੇ ਰਹਿੰਦੇ ਸਨ। ਇਤਿਹਾਸਕ ਪਰਿਪੇਖ ਤੋਂ ਇਹ ਪਹਿਲੀ ਅਤੇ ਨਿਵੇਕਲੀ ਤ੍ਰਾਸਦਿਕ ਘਟਨਾ ਸੀ ਜਿਸ ਨੇ ਵੱਡੇ ਪੱਧਰ 'ਤੇ ਲੋਕਾਂ ਨੂੰ ਆਪਣੇ ਵੱਸਦੇ ਘਰਾਂ ਨੂੰ ਛੱਡ ਕੇ ਖ਼ਾਲੀ ਹੱਥ ਕਿਸੇ ਅਣਜਾਣ ਥਾਂ ਵੱਲ ਜਾਣ ਲਈ ਮਜ਼ਬੂਰ ਕਰ ਦਿੱਤਾ। ਇਹ ਨਾਵਲ ਵੰਡ ਦੇ ਦੁਖਾਂਤ ਨੂੰ ਸਿਰਫ਼ ਸਿਆਸੀ ਨਜ਼ਰੀਏ ਤੋਂ ਨਹੀਂ, ਸਗੋਂ ਮਾਨਵੀ ਸੰਵੇਦਨਾ ਅਤੇ ਸੱਤਾ ਦੇ ਆਤਮ-ਮੁਗਧ ਸੁਭਾਅ ਦੇ ਟਕਰਾਅ ਵਜੋਂ ਪੇਸ਼ ਕਰਨ ਵਾਲੀ ਇੱਕ ਸ਼ਾਹਕਾਰ ਰਚਨਾ ਹੈ। ਇਹ ਪਾਠਕ ਨੂੰ ਨਵੀਂ ਸੂਝ ਪ੍ਰਦਾਨ ਕਰਦਾ ਹੈ ਕਿ ਸੱਤਾ, ਆਮ ਲੋਕਾਂ ਦੀ ਸੁਰੱਖਿਆ ਨੂੰ ਅਹਿਮੀਅਤ ਦੇਣ ਦੀ ਬਜਾਏ ਆਪਣੀ ਸੱਤਾ ਦੀਆਂ ਜੜ੍ਹਾਂ ਨੂੰ ਮਜ਼ਬੂਤੀ ਦੇਣ ਦੇ ਅਧਾਰ ਖੋਜਦੀ ਹੈ; ਭਾਵੇਂ ਸੱਤਾ ਦੀ ਮਜ਼ਬੂਤੀ ਦਾ ਅਧਾਰ ਆਮ ਲੋਕਾਂ ਦੀ ਕੁਰਬਾਨੀ ਹੀ ਕਿਉਂ ਨਾ ਹੋਵੇ।

## *ਹਵਾਲੇ ਅਤੇ ਟਿੱਪਣੀਆ*


1. ਮਨਮੋਹਨ (2025), *ਮਨੁ ਪੰਖੀ ਭਇਓ*, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨਾ: 23.
2. ਸ਼ਾਹ ਮੁਹੰਮਦ, *ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ* (ਸੰਪਾ. ਡਾ. ਪ੍ਰੀਤਮ ਸੈਣੀ), ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਨਾ: 09.
3. ਮਨਮੋਹਨ (2025), *ਮਨੁ ਪੰਖੀ ਭਇਓ*. ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨਾ: 289.
4. ਉਹੀ, ਪੰਨਾ: 240.
5. ਉਹੀ, ਪੰਨਾ: 73.
6. ਉਹੀ, ਪੰਨਾ: 74.
7. Datta, V.N. (2021). *Jallianwala Bagh: A Ground Breaking History of the 1919 Massacre*. Penguin Random House India, New Delhi, Page: 72.
8. ਮਨਮੋਹਨ (2025), *ਮਨੁ ਪੰਖੀ ਭਇਓ*. ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨਾ: 231.
9. ਉਹੀ, ਪੰਨਾ: 235.
10. ਸਾਹਨੀ, ਭੀਸ਼ਮ. (1973). *ਤਮਸ.* ਰਾਜਕਮਲ ਪ੍ਰਕਾਸ਼ਨ, ਨਵੀਂ ਦਿੱਲੀ, ਪੰਨਾ: 158.
11. ਮਨਮੋਹਨ (2025), *ਮਨੁ ਪੰਖੀ ਭਇਓ*. ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨਾ: 283.
12. ਅੰਬੇਡਕਰ, ਭੀਮਰਾਵ (ਡਾ.) (2019), *ਪਾਕਿਸਤਾਨ ਜਾਂ ਭਾਰਤ ਦੀ ਵੰਡ* (ਅਨੁ. ਧਮ ਮਿੱਤਰ ਸਤਯਪ੍ਰਕਾਸ਼). ਸੰਮਯਕ ਪ੍ਰਕਾਸ਼ਨ, ਨਵੀਂ ਦਿੱਲੀ, ਪੰਨਾ: 347.
13. Kohut, Heinz. (1971). *Analysis of Self.* International University Press, New York, Page: 27.
14. ਮਨਮੋਹਨ (2025), *ਮਨੁ ਪੰਖੀ ਭਇਓ*. ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨਾ: 231.



## *Cite this Article-*

*ਜਗਮੋਹਨ ਸਿੰਘ (Jagmohan Singh), 'ਮਨੁ ਪੰਖੀ ਭਇਓ' ਨਾਵਲ ਵਿੱਚ ਆਤਮ-ਮੁਗਧ ਸੱਤਾ ਨਿਰਦੇਸ਼ਿਤ ਉਜਾੜੇ ਦਾ ਦੁਖਾਂਤ: ਇੱਕ ਆਲੋਚਨਾਤਮਕ ਵਿਸ਼ਲੇਸ਼ਣ ('Mann Pankhi Bhayo' Novel Vich Atam-Mugdh Satta Nirdeshit Ujade Da Dukhant: Ik Alochanatmak Vishleshan), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 115-118. Journal URL: www.armaan.org.in*

*DOI: https://doi.org/10.64119/armaan.vol.4.issue2.21*



*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*